# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ, ਫੇਜ਼-8,ਐਸ.ਏ.ਐਸ.ਨਗਰ, ਫੋਨ ਨੰਬਰ:-0172-2212221

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿੰ)
ਸਮੂਹ ਸਕੂਲ ਮੁਖੀ (ਸਰਕਾਰੀ ਅਤੇ ਗੈਰ ਸਰਕਾਰੀ)
ਪੰਜਾਬ।

ਮੀਮੋ ਨੰਬਰ : E Comp.No.:985324/ 903
ਮਿਤੀ :ਐਸ.ਏ.ਐਸ.ਨਗਰ, 29-09-2025

**ਵਿਸ਼ਾ: ਵਿਕਸਿਤ ਭਾਰਤ ਯੰਗ ਲੀਡਰਜ਼ ਡਾਇਲਾਗ (VBYLD-2026) - Viksit Bharat Young Leaders Dialogue -Quiz ਬਾਰੇ ਜਾਣਕਾਰੀ।**

ਹਵਾਲਾ :- Ministry of Youth Affairs and Sports ,Department of Youth Affairs ,GOI ਵੱਲੋਂ ਪ੍ਰਾਪਤ ਪੱਤਰ D.O.No.-I-13011/8/2025-MY BHARAT ਦੇ ਸਬੰਧ ਵਿੱਚ ।

ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

1.0 ਭਾਰਤ ਦੇਸ਼ ਦੀ ਸਰਕਾਰ ਹਰ ਸਾਲ 12 ਜਨਵਰੀ ਨੂੰ **ਸਵਾਮੀ ਵਿਵੇਕਾਨੰਦ** ਦੀ ਜਨਮ ਵਰ੍ਹੇ ਗੰਢ ਨੂੰ **ਰਾਸ਼ਟਰੀ ਯੂਵਾ ਦਿਵਸ** ਵਜੋਂ ਮਨਾਉਂਦੀ ਹੈ। ਸਵਾਮੀ ਜੀ ਭਾਰਤ ਦੇ ਮਹਾਨ ਦਰਸ਼ਨਸ਼ਾਸਤਰੀ, ਵਿਚਾਰਕ ਅਤੇ ਨੌਜਵਾਨਾਂ ਲਈ ਪ੍ਰੇਰਣਾ ਸਰੋਤ ਸਨ। ਇਸ ਮੌਕੇ ‘ਤੇ ਯੂਵਾ ਕਾਰਜ ਵਿਭਾਗ ਇੱਕ ਰਾਸ਼ਟਰੀ ਪੱਧਰ ਦੀ ਪਹਿਲ "ਵਿਕਸਿਤ ਭਾਰਤ ਯੰਗ ਲੀਡਰਜ਼ ਡਾਇਲਾਗ" (VBYLD) ਕਰਦਾ ਹੈ, ਜਿਸਦਾ ਉਦੇਸ਼ ਨੌਜਵਾਨਾਂ ਵਿੱਚ leadership, ਨਵੀਂ ਸੋਚ, ਨਾਗਰਿਕ ਭਾਗੀਦਾਰੀ ਅਤੇ ਸੰਸਕ੍ਰਿਤੀ ਦੇ ਅਦਾਨ-ਪ੍ਰਦਾਨ ਨੂੰ ਉਜਾਗਰ ਕਰਨਾ ਹੈ।

2.0 2025 ਵਿੱਚ ਹੋਏ VBYLD ਵਿੱਚ 28 ਲੱਖ ਤੋਂ ਵੱਧ ਨੌਜਵਾਨਾਂ ਨੇ ਭਾਗ ਲਿਆ। ਇਨ੍ਹਾਂ ਵਿੱਚੋਂ ਲਗਭਗ 2500 ਯੰਗ ਲੀਡਰਜ਼ ਚੁਣੇ ਗਏ ਜੋ ਵਿਵੇਕਾਨੰਦ ਮੰਡਪਮ, ਨਵੀਂ ਦਿੱਲੀ ਵਿੱਚ ਹੋਏ ਮੁੱਖ ਸਮਾਰੋਹ ਵਿੱਚ ਸ਼ਾਮਲ ਹੋਏ। ਇਨ੍ਹਾਂ ਨੂੰ ਮਾਨਯੋਗ ਪ੍ਰਧਾਨ ਮੰਤਰੀ, ਮੰਤਰੀ, ਬਿਊਰੋਕ੍ਰੈਟ, ਉਦਯੋਗਪਤੀ ਅਤੇ ਨੀਤੀਕਾਰਾਂ ਅੱਗੇ ਆਪਣੇ ਵਿਚਾਰ ਪੇਸ਼ ਕਰਨ ਦਾ ਮੌਕਾ ਮਿਲਿਆ।

3.0 ਸਾਲ 2026 ਵਿੱਚ ਇਹ ਕਾਰਜਕ੍ਰਮ ਹੋਰ ਵੱਡੇ ਪੱਧਰ ‘ਤੇ ਕਰਨ ਦੀ ਯੋਜਨਾ ਹੈ। ਇਸ ਵਿੱਚ ਨਵੀਂਆਂ **ਤਕਨਾਲੋਜੀ ਅਤੇ ਡਿਜ਼ਾਇਨ ਨਾਲ ਜੁੜੇ ਖੇਤਰਾਂ ‘ਤੇ ਖ਼ਾਸ ਧਿਆਨ ਦਿੱਤਾ ਜਾਵੇਗਾ।**

4.0 VBYLD-2026 ਦਾ ਪਹਿਲਾ ਪੜਾਅ ਹੈ "ਵਿਕਸਿਤ ਭਾਰਤ ਕੁਇਜ਼", ਜੋ 1 ਸਤੰਬਰ ਤੋਂ 15 ਅਕਤੂਬਰ 2025 ਤੱਕ **MY Bharat ਪੋਰਟਲ (https://mybharat.gov.in/quiz)** ‘ਤੇ **ਔਨਲਾਈਨ** ਕਰਵਾਇਆ ਜਾ ਰਿਹਾ ਹੈ। **ਇਸ Quiz ਵਿੱਚ 15 ਸਾਲ ਤੋਂ ਵੱਧ ਉਮਰ ਦੇ ਵਿਦਿਆਰਥੀ ਭਾਗ ਲੈ ਸਕਦੇ ਹਨ ।**

ਇਸ ਕੁਇਜ਼ ਦੇ ਉਦੇਸ਼ ਹੇਠ ਲਿਖੇ ਅਨੁਸਾਰ ਹਨ :-

- ਭਾਰਤ ਦੇ ਵੱਖ-ਵੱਖ ਪੱਖਾਂ ਬਾਰੇ ਗਿਆਨ ਦੀ ਜਾਂਚ ਕਰਨਾ ਹੈ।
- "ਵਿਕਸਿਤ ਭਾਰਤ" ਦੀ ਦ੍ਰਿਸ਼ਟੀ ਨੂੰ ਦਰਸਾਉਣਾ ਹੈ।
- ਨੌਜਵਾਨਾਂ ਵਿੱਚ ਰਚਨਾਤਮਕਤਾ ਤੇ ਭਾਗੀਦਾਰੀ ਵਧਾਉਣਾ ਹੈ।
- ਹਰ ਰਾਜ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਤੋਂ ਪ੍ਰਤੀਨਿਧਿਤਾ ਯਕੀਨੀ ਬਣਾਉਣੀ ਹੈ।

Scanned with OKEN Scanner

6.0 ਪ੍ਰਚਾਰ ਲਈ ਕੁਝ ਪ੍ਰਚਾਰ ਸਮੱਗਰੀ (creatives) ਨਾਲ ਸੰਲਗਨ ਕੀਤੀ ਗਈ ਹੈ, ਜਿਸਨੂੰ ਵੱਖ-ਵੱਖ ਜਗ੍ਹਾ ਤੇ ਪ੍ਰਦਰਸ਼ਿਤ ਕੀਤਾ ਜਾ ਸਕਦਾ ਹੈ।

7.0 . ਇਸ ਪਹਿਲ ਵਿੱਚ ਵਿਆਪਕ ਭਾਗੀਦਾਰੀ ਯਕੀਨੀ ਬਣਾਉਣ ਲਈ ਸਕੂਲ ਮੁਖੀਆਂ ਅਤੇ ਅਧਿਆਪਕਾਂ ਦਾ ਸਹਿਯੋਗ ਮਹੱਤਵਪੂਰਨ ਹੋਵੇਗਾ।**1 ਸਤੰਬਰ ਤੋਂ 15 ਅਕਤੂਬਰ 2025 ਤੱਕ ਹੋ ਰਹੇ "ਵਿਕਸਿਤ ਭਾਰਤ ਕੁਇਜ਼"** ਦਾ ਵਿਆਪਕ ਪ੍ਰਚਾਰ ਕੀਤਾ ਜਾਵੇ ਤਾਂ ਜੋ ਵੱਧ ਤੋਂ ਵੱਧ ਨੌਜਵਾਨ ਇਸ ਵਿੱਚ ਹਿੱਸਾ ਲੈਣ।

8.0 ਵਿਦਿਆਰਥੀਆਂ ਦੀ **MYBharat ਪੋਰਟਲ** (https://mybharat.gov.in/quiz)ਵੱਧ ਤੋਂ ਵੱਧ **ਰਜਿਸਟਰੇਸ਼ਨ ਯਕੀਨੀ ਬਣਾਈ ਜਾਵੇ ।**

**ਕਿਰਨ ਸ਼ਰਮਾ (ਪੀ.ਸੀ.ਐਸ.)**
**ਡਾਇਰੈਕਟਰ, ਐਸ.ਸੀ.ਈ.ਆਰ.ਟੀ.,ਪੰਜਾਬ।**

ਪਿੱਠ ਅੰਕਣ ਨੰ. ਉਕਤ

ਮਿਤੀ:- ਐਸ.ਏ.ਐਸ. ਨਗਰ, 29-09-2025

ਉਕਤ ਦਾ ਉਤਾਰਾ ਪੀ.ਏ. ਟੂ ਡਾਇਰੈਕਟਰ, ਐਸ.ਸੀ.ਈ.ਆਰ.ਟੀ.,ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ ।

**ਸਹਾਇਕ ਡਾਇਰੈਕਟਰ**
**ਐਸ.ਸੀ.ਈ.ਆਰ.ਟੀ.,ਪੰਜਾਬ।**

Scanned with OKEN Scanner